## ਹਾਲਟਨ ਵਿਗਿਆਨ ਸੁਰੱਖਿਅਤ ਇਕਰਾਰਨਾਮਾ (2014/2015)

Puniabi

ਤੁਸੀਂ ਆਪਣੀ ਅਤੇ ਆਪਣੇ ਗਿਰਦ ਹਾਜ਼ਰ ਲੋਕਾਂ ਦੀ ਸੁਰੱਖਿਅਤਾ ਲਈ ਜ਼ੁੰਮੇਵਾਰ ਹੋ। ਜੇ ਤੁਸੀਂ ਸੁਰੱਖਿਅਤ ਅਤੇ ਜ਼ੁੰਮੇਵਾਰਾਨਾ ਤਰੀਕੇ ਨਾਲ ਅਮਲ ਕਰਨ ਵਿਚ ਅਸਫਲ ਹੁੰਦੇ ਹੋ ਤਾਂ ਉਸਦਾ ਨਤੀਜਾ ਇਹ ਹੋਵੇਗਾ ਕਿ ਤੁਸੀਂ ਵਿਗਿਆਨ ਪਰਯੋਗਸ਼ਾਲਾ ਦੇ ਸਾਰੇ ਵਿਸੇਸ਼ ਹੱਕ ਖੋ ਬੈਠੇਗੇ।

### ਆਮ ਸੁਰੱਖਿਅਤ ਨਿਰਦੇਸ਼ (ਹਦਾਇਤਾਂ)

1. ਪ੍ਰਯੋਗਸ਼ਾਲਾ ਵਿਚ ਕਿਸੇ ਤਰ੍ਹਾਂ ਦੀ ਵੀ ਖਰਮਸਤੀ ਨਾ ਕਰੋ। ਪ੍ਰਯੋਗਸ਼ਾਲਾ ਵਿਚ ਹਾਜ਼ਰ ਦੂਜੇ ਵਿਅਕਤੀਆਂ ਦਾ ਵੀ ਖਿਆਲ ਰੱਖੋ।
2. ਕੋਈ ਵੀ ਵਿਦਿਆਰਥੀ ਪ੍ਰਯੋਗਸ਼ਾਲਾ ਜਾਂ ਸਬੰਧਤ ਕਮਰੇ ਵਿਚ ਨਿਗਰਾਨ ਤੋਂ ਬਿਨਾ ਨਾ ਹੋਵੇ।
3. ਪ੍ਰਯੋਗਸ਼ਾਲਾ ਲਈ ਤਿਆਰ ਬਰ ਤਿਆਰ ਰਹੋ। ਸੁਰੱਖਿਆ ਦੀਆਂ ਸਾਵਧਾਨੀਆਂ ਬਾਰੇ ਜਾਣਕਾਰੀ ਹਾਸਲ ਕਰੋ।
4. ਪ੍ਰਯੋਗਸ਼ਾਲਾ ਵਿਚਲੇ ਬੈਂਚਾਂ ਤੇ ਨਾ ਬੈਠੋ।
5. ਕੰਮ ਕਰਦੇ ਸਮੇਂ ਵਿਦਿਆਰਥੀ ਖੜ੍ਹੇ ਹੋਣੇ ਚਾਹੀਦੇ ਹਨ।
6. ਪ੍ਰਯੋਗ (ਤਜਰਬੇ) ਕਰਦੇ ਸਮੇਂ ਕੰਮ ਕਰਨ ਵਾਲੇ ਖੇਤਰ ਨੂੰ ਸਾਫ ਤੇ ਖਿਲਾਰੇ ਤੋਂ ਰਹਿਤ ਰੱਖੋ।
7. ਬਿਨ-ਦਰਸਾਏ ਤਜਰਬੇ (ਪ੍ਰਯੋਗ) ਬਿਲਕੁਲ ਨਾ ਕਰੋ।
8. ਗੈਸ ਨਾਲ ਚੱਲਣ ਵਾਲੇ ਲਾਈਟਰ, ਮਾਚਸ ਅਤੇ ਹੋਰ ਅੱਗ ਲੱਗਣ ਵਾਲ਼ੀ ਸਮੱਗਰੀ ਕਲਾਸ ਰੂਮ ਵਿੱਚ ਲਿਆਉਣੇ ਮਨ੍ਹਾਂ ਹਨ।
9. ਪ੍ਰਯੋਗਸ਼ਾਲਾ ਵਿਚ ਨਾ ਕੁੱਝ ਖਾਉ, ਪੀਓ ਤੇ ਨਾ ਹੀ ਗਮ ਚਬਾਓ। ਤੁਹਾਡੀ ਖ਼ੁਰਾਕ ਵਿੱਚ ਖਤਰਨਾਕ ਰਸਾਇਣ ਮਿਕਸ ਹੋ ਸਕਦੇ ਹਨ।
10. ਪ੍ਰਯੋਗਸ਼ਾਲਾ ਵਿਚ ਕਿਸੇ ਵੀ ਰਸਾਇਣ ਜਾਂ ਪਦਾਰਥ ਨੂੰ ਚੱਖਿਆ ਨਾ ਜਾਵੇ।
11. ਬਿਨਾਂ ਹਦਾਇਤ ਰਸਾਇਣਾਂ ਨੂੰ ਮੱਤ ਸੁੰਘੋ। ਜ਼ਰੂਰਤ ਸਮੇਂ ਸੁੰਘਣ ਵੇਲੇ ਗੈਸ ਤੇ ਨੱਕ ਵਿੱਚ ਦੂਰੀ ਰੱਖਕੇ ਹੱਥਾਂ ਦੀ ਵਰਤੋਂ ਕਰੋ।

### ਸੁਰੱਖਿਅਤਾ ਸਾਜ਼ੋ ਸਮਾਨ

1. ਪ੍ਰਯੋਗਸ਼ਾਲਾ 'ਚ ਜਿਸ ਥਾਂ ਸੁਰੱਖਿਅਤ ਸਮਾਨ ਰੱਖਿਆ ਗਿਆ ਹੈ ਉਸਦੀ ਜਾਣਕਾਰੀ ਰੱਖੋ: ਅੱਗ ਬੁਝਾਊ ਯੰਤਰ, ਅੱਖਾਂ ਧੋਣ ਵਾਲ਼ਾ ਬੇਸਿਨ, ਫਸਟ ਏਡ ਬਕਸਾ, ਅੱਗ ਤੋਂ ਬਚਣ ਲਈ ਰਸਤੇ ਅਤੇ ਫਾਇਰ ਅਲਾਰਮ।
2. ਸਾਰੇ ਤਜ਼ਰਿਬਆਂ (ਪਰਯੋਗਾਂ) ਸਮੇਂ ਸੇਫਟੀ ਗੌਗਲਜ਼ ਜ਼ਰੂਰ ਪਹਿਨੇ ਜਾਣ। ਕੋਂਟੈਕਟ ਲੈਂਜ ਨਾ ਵਰਤੇ ਜਾਣ। ਉਹਨਾ ਦੀ ਜਗ੍ਹਾ ਸਹੀ ਨੰਬਰ ਦੀ ਐਨਕ ਵਰਤੀ ਜਾਵੇ।
3. ਜਦੋਂ ਵੀ ਜ਼ਿਆਦਾ ਗਰਮੀ ਅਤੇ ਜ਼ਖਮ ਕਰ ਦੇਣ ਵਾਲੇ ਰਸਾਇਣ ਵਰਤੇ ਜਾਣ ਤਾਂ ਗੌਗਲਜ਼ ਹਰ ਸਮੇਂ ਵਰਤਣੇ ਚਾਹੀਦੇ ਹਨ।
4. ਪ੍ਰਯੋਗਸ਼ਾਲਾ ਵਿਚ ਕੰਮ ਕਰਦੇ ਸਮੇਂ ਢੁੱਕਵੀਂ ਪੋਸ਼ਾਕ ਪਹਿਨਣੀ ਚਾਹੀਦੀ ਹੈ। ਲੰਬੇ ਵਾਲ ਪਿੱਠ ਵਲ ਬੰਨ੍ਹੇ ਹੋਣ, ਲਟਕਦੇ ਗਹਿਣੇ ਤੇ ਖੁੱਲ੍ਹੇ ਕੱਪੜੇ ਸਾਂਭੇ ਹੋਣੇ ਚਾਹੀਦੇ ਹਨ। ਜੁੱਤੇ ਪੈਰਾਂ ਨੂੰ ਪੂਰੀ ਤਰ੍ਹਾਂ ਢਕਣ। ਪ੍ਰਯੋਗਸ਼ਾਲਾ ਵਿਚ ਸੈਂਡਲ ਦੀ ਇਜਾਜ਼ਤ ਨਹੀਂ।
5. ਤੁਹਾਡੇ ਅਧਿਆਪਕ ਨੂੰ ਹੋਰ ਸਮਾਨ ਦੀ ਲੋੜ ਵੀ ਹੋ ਸਕਦੀ ਹੈ ਜੋ ਕਿ ਜ਼ਰੂਰ ਹੀ ਪਹਿਨਿਆ ਜਾਵੇ।

### ਰਸਾਇਣਾਂ ਦੀ ਸੰਭਾਲ

1. ਪ੍ਰਯੋਗਸ਼ਾਲਾ ਦੇ ਸਾਰੇ ਰਸਾਇਣਾਂ ਨੂੰ ਹਾਨੀਕਾਰਕ ਸਮਝਿਆ ਜਾਵੇ। ਇਨ੍ਹਾਂ ਰਸਾਇਣਾਂ ਨੂੰ ਆਪਣੀ ਚਮੜੀ ਜਾਂ ਅੱਖਾਂ ਨੂੰ ਨਾ ਲੱਗਣ ਦਿਤਾ ਜਾਵੇ।
2. ਬੋਤਲਾਂ ਵਿੱਚੋਂ ਕੋਈ ਵੀ ਰਸਾਇਣ ਕੱਢਣ ਤੋਂ ਪਹਿਲਾਂ ਉਹਨਾਂ 'ਤੇ ਲੱਗੇ ਲੇਬਲਾਂ ਨੂੰ ਦੋ ਵਾਰ ਪੜ੍ਹਿਆ ਜਾਵੇ। ਜਿੰਨੀ ਜ਼ਰੂਰਤ ਹੈ ਉੱਨਾ ਹੀ ਲਵੋ।
3. ਜੋ ਰਸਾਇਣ ਬਚ ਜਾਵੇ ਉਸਨੂੰ ਉਸ ਵਾਲੀ ਬੋਤਲ 'ਚ ਮੁੜ ਨਾ ਪਾਇਆ ਜਾਵੇ। ਉਨ੍ਹਾਂ ਰਸਾਇਣਾਂ ਨੂੰ ਅਧਿਆਪਕ ਦੀਆਂ ਹਦਾਇਤਾਂ ਅਨੁਸਾਰ ਲੇਖੇ ਲਾਇਆ ਜਾਵੇ।
4. ਕਿਸੇ ਵੀ ਰਸਾਇਣ ਨੂੰ ਡ੍ਰੇਨ 'ਚ ਨਾ ਸੁੱਟੋ। ਇਨ੍ਹਾਂ ਰਸਾਇਣਾਂ ਨੂੰ ਅਧਿਆਪਕ ਦੀਆਂ ਹਦਾਇਤਾਂ ਅਨੁਸਾਰ ਲੇਖੇ ਲਾਇਆ ਜਾਵੇ।
5. ਨਾ ਹੀ ਰਸਾਇਣ ਤੇ ਨਾ ਹੋਰ ਸਮਾਨ ਪ੍ਰਯੋਗਸ਼ਾਲਾ ਦੇ ਖੇਤਰ ਤੋਂ ਬਾਹਰ ਲਿਆਂਦਾ ਜਾਵੇ।
6. ਬੋਤਲਾਂ ਉਤੇ ਲਿਖੇ WHMIS ਜਾਂ HHPS ਚਿੰਨ੍ਹ ਵੇਖੋ।

### ਸ਼ੀਸ਼ੇ ਦੇ ਸਮਾਨ ਦੀ ਸੰਭਾਲ

1. ਤਿੜਕਿਆ ਹੋਇਆ ਜਾਂ ਭੁਰਿਆ ਹੋਇਆ ਸਮਾਨ ਨਾ ਵਰਤੋ।
2. ਜੇ ਸ਼ੀਸੇ ਦਾ ਸਮਾਨ ਟੁੱਟ ਜਾਂਦਾ ਹੈ ਤਾਂ ਇਸ ਬਾਰੇ ਅਧਿਆਪਕ ਨੂੰ ਦੱਸੋ, ਜੋ ਇਸ ਸਮਾਨ ਨੂੰ ਸਾਫ ਕਰਨ ਤੇ ਸਾਂਭਣ ਬਾਰੇ ਹਦਾਇਤਾਂ ਦੇਵੇਗਾ। ਸ਼ੀਸੇ ਦਾ ਸਮਾਨ ਸੁੱਟਣ ਲਈ ਇਕ ਖਾਸ ਕਿਸਮ ਦਾ ਭਾਂਡਾ ਬਣਿਆ ਹੁੰਦਾ ਹੈ।
3. ਜਿਸ 'ਚ ਗੈਸ ਪੈਦਾ ਹੁੰਦੀ ਹੈ, ਉਸ ਫਲਾਸਕ ਦਾ ਮੂੰਹ ਕੱਸ ਕੇ ਬੰਦ ਨਾ ਕਰੋ। ਇਹ ਧਮਾਕੇ ਫਟ ਸਕਦੀ ਹੈ।
4. ਬੀਕਰਾਂ ਤੇ ਫਲਾਸਕਾਂ 'ਤੇ ਲੱਗੇ ਹੋਏ ਤੁਪਕੇ ਹਟਾ ਦਿਉ ਤਾਂ ਕਿ ਅਗਲੇ ਵਿਦਿਆਰਥੀ ਸੁਰੱਖਿਅਤ ਰਹਿਣ।
5. ਤਜ਼ਰਬੇ ਖਤਮ ਹੋਣ ਤੋਂ ਬਾਅਦ ਸ਼ੀਸ਼ੇ ਦਾ ਸਾਰਾ ਸਮਾਨ ਸਾਫ ਕਰਕੇ ਵਾਪਸ ਰੱਖੋ।

### ਸ਼ੀਸ਼ੇ ਦੇ ਸਮਾਨ ਨੂੰ ਗਰਮ ਕਰਨਾ

1. ਅਧਿਆਪਕ ਦੇ ਦੱਸੇ ਮੁਤਾਬਕ ਬਨਸਨ ਬਰਨਰ ਨੂੰ ਜਗਾਉ। ਅੱਗ ਵਾਲੇ ਸੋਮੇ ਨੂੰ ਸੁੰਨਾ ਨਾ ਛੱਡੋ।
2. ਗਰਮ ਸ਼ੀਸ਼ਾ ਕਦੇ ਵੀ ਦੇਖਣ ਨੂੰ ਗਰਮ ਨਹੀਂ ਲਗਦਾ। ਹਾਲ 'ਚ ਹੀ ਗਰਮ ਕੀਤੇ ਸ਼ੀਸੇ ਦੀ ਚੀਜ਼ ਨੂੰ ਚਿਮਟੇ ਨਾਲ ਪਕੜੋ।
3. ਕਦੀ ਵੀ ਗਰਮ ਕੀਤੇ ਸ਼ੀਸ਼ੇ ਦੇ ਸਮਾਨ ਨੂੰ ਠੰਢੇ ਪਾਣੀ ਵਿਚ ਨਾ ਪਾਉ। ਇਸ ਤਰ੍ਹਾਂ ਕਰਨ ਨਾਲ ਇਹ ਸਮਾਨ ਟੁੱਟ ਸਕਦਾ ਹੈ।
4. ਜਦੋਂ ਵੀ ਟੈਸਟ ਟਿਊਬ ਨੂੰ ਗਰਮ ਕਰਨਾ ਹੋਵੇ ਤਾਂ ਇਸਦਾ ਮੂੰਹ ਆਪਣੇ ਅਤੇ ਦੂਜਿਆਂ ਤੋਂ ਦੂਰ ਰੱਖਿਆ ਜਾਵੇ। ਜੇ ਬਰਤਨ ਗਰਮ ਕੀਤਾ ਜਾ ਰਿਹਾ ਹੈ, ਉਸਦੇ ਅੰਦਰ ਕਦੀ ਵੀ ਨਾ ਝਾਕੋ।

### ਬਿਜਲਈ ਸਮਾਨ ਦੀ ਸੰਭਾਲ

1. ਬਿਜਲੀ ਦੀਆਂ ਤਾਰਾਂ ਪਲੱਗ ਤੇ ਸੌਕਟਾਂ ਨੂੰ ਪਾਣੀ ਅਤੇ ਗਿੱਲੇ ਹੱਥਾਂ ਤੋਂ ਦੂਰ ਰੱਖੋ।
2. ਬਿਜਲੀ ਦੇ ਸਮਾਨ ਦੀਆਂ ਮੋਰੀਆਂ ਵਿਚ ਹੋਰ ਕੋਈ ਚੀਜ਼ ਨਾ ਪਾਵੋ।
3. ਜਿਥੋਂ ਬਿਜਲੀ ਲਈ ਜਾਂਦੀ ਹੈ ਉਸਦੇ ਨੇੜੇ ਅੱਗ ਲੱਗਣ ਵਾਲੀ ਚੀਜ਼ ਨਾ ਲੈ ਕੇ ਜਾਉ।
4. ਪਲੱਗ ਵਿਚੋਂ ਬਿਜਲੀ ਵਾਲੀ ਤਾਰ ਪਲੱਗ ਖਿੱਚਕੇ ਕੱਢੀ ਜਾਵੇ ਨਾ ਕਿ ਤਾਰ ਖਿੱਚਕੇ।
5. ਬਿਜਲੀ ਦੀਆਂ ਤਾਰਾਂ ਕਦੇ ਵੀ ਉੱਥੇ ਨਾ ਰੱਖੋ ਜਿੱਥੇ ਉਨ੍ਹਾਂ 'ਚ ਫਸ ਕੇ ਡਿਗ ਪਵੇ।
6. ਕਦੀ ਵੀ ਸੈੱਲਾਂ/ਬੈਟਰੀਆਂ ਨੂੰ ਕੱਟ ਕੇ ਨਾ ਖੋਲ੍ਹੋ ਕਿਉਂ ਕਿ ਉਨ੍ਹਾਂ ਵਿਚ ਜ਼ਖਮ ਕਰਨ ਵਾਲੇ ਤੇ ਜ਼ਹਿਰੀਲੇ ਪਦਾਰਥ ਹੋ ਸਕਦੇ ਹਨ।

## ਆਤਿਸ਼ਬਾਜ਼ੀਆਂ ਦੇ ਕੰਮਕਾਜ ਬਾਰੇ

1. ਕਿਸੇ ਵੀ ਆਤਿਸ਼ਬਾਜੀ ਨੂੰ ਦੇਖਣ ਵਾਲਿਆਂ ਅਤੇ ਲੱਗੇ ਹੋਏ ਬਿਜਲਈ ਸਮਾਨ ਤੋਂ ਕਾਫੀ ਦੂਰੀ ਤੇ ਛੱਡਿਆ ਜਾਵੇ। ਆਤਿਸ਼ਬਾਜੀ ਨੇ ਜਿੱਥੇ ਡਿਗਣਾ ਹੈ ਉਥੇ ਕੋਈ ਰੁਕਾਵਟ ਨਾ ਹੋਵੇ।
2. ਜਦੋਂ ਵੀ ਕੋਈ ਆਤਿਸ਼ਬਾਜੀ ਛੱਡਣੀ ਹੈ ਤਾਂ ਦਰਸ਼ਕਾਂ ਨੂੰ ਸੰਭਾਵੀ ਖਤਰਿਆਂ ਤੋ ਜਾਣੂ ਕਰਵਾਇਆ ਜਾਵੇ।
3. ਆਤਿਸ਼ਬਾਜੀ ਨੂੰ ਕਦੇ ਵੀ ਪੌੜੀਆਂ ਦੀਆਂ ਖਿੜਕੀਆਂ ਜਾਂ ਪੌੜੀਆਂ ਦੇ ਅੱਧ ਵਿਚਲੇ ਪਲੈਟਫਾਰਮ ਤੇ ਨਾ ਛੱਡੋ। ਇਹ ਤਾਂ ਹੀ ਹੋ ਸਕਦਾ ਜੇ ਕੋਈ ਬੰਦਾ ਹੇਠਲੇ ਪਾਸੇ ਸਭ ਕੁੱਝ ਸੰਭਾਲ ਸਕਦਾ ਹੋਵੇ ਅਤੇ ਉਸ ਥਾਂ ਕੋਈ ਰੁਕਾਵਟ ਵਾਲੀਆਂ ਵਸਤਾਂ ਨਾ ਹੋਣ।
4. ਜਦੋਂ ਵੀ ਅੱਖਾਂ ਨੂੰ ਖਤਰੇ ਦੀ ਸੰਭਾਵਨਾ ਹੋਵੇ ਤਾਂ ਅੱਖਾਂ ਨੂੰ ਬਚਾਉਣ ਦਾ ਸਮਾਨ ਵਰਤਿਆ ਜਾਵੇ।

## ਲੇਜ਼ਰਜ਼ ਨਾਲ ਕੰਮ ਕਾਜ ਕਰਨਾ

1. ਲੇਜ਼ਰ ਬੀਮ ਵਿੱਚ ਨਾ ਦੇਖੋ।
2. ਲੇਜ਼ਰ ਨੂੰ ਕਿਸੇ ਦੀ ਅੱਖ 'ਚ ਨਾ ਮਾਰੋ।
3. ਲਾਈਟ ਪੈਦਾ ਕਰਨ ਵਾਲੇ ਸਾਧਨ ਦੇ ਲੈਨਜ਼ ਵਲ ਸਿੱਧਾ ਨਾ ਦੇਖੋ।

## ਦੁਰਘਟਨਾਵਾਂ ਤੇ ਸੱਟ ਚੋਟਾਂ

1. ਵਾਪਰੀ ਦੁਰਘਟਨਾ ਜਾਂ ਚੋਟ ਭਾਵੇਂ ਮਾਮੂਲੀ ਹੀ ਹੋਵੇ ਅਧਿਆਪਕ ਨੂੰ ਉਸਦੀ ਝੱਟ-ਪੱਟ ਇਤਲਾਹ ਦਿਉ।
2. ਜੇ ਕੋਈ ਰਸਾਇਣ ਚਮੜੀ `ਤੇ ਡੁੱਲ੍ਹ ਜਾਵੇ ਤਾਂ ਅਧਿਆਪਕ ਦੇ ਕਹਿਣ ਅਨੁਸਾਰ ਉਸ ਉੱਤੇ ਪਾਣੀ ਪਾਣਾ ਜਾਰੀ ਰੱਖੋ।
3. ਜੇ ਅੱਖ ਵਿਚ ਰਸਾਇਣ ਪੈ ਜਾਣ ਤਾਂ ਤੁਰੰਤ ਹੀ ਅੱਖ ਨੂੰ ਪਾਣੀ ਦੇ ਬੇਸਨ ਉੱਤੇ ਘੱਟੋ ਘੱਟ ਅੱਧਾ ਘੰਟਾ ਪਾਣੀ ਪਾਣਾ ਜਾਰੀ ਰੱਖੋ। ਅੱਖਾਂ ਦੀਆਂ ਪਲਕਾਂ ਖੋਲ੍ਹੀ ਰੱਖੋ।
4. ਜੇ ਕੋਈ ਰਸਾਇਣ ਡੁੱਲ੍ਹ ਜਾਂਦਾ ਹੈ, ਤਾਂ ਤੁਰੰਤ ਅਧਿਆਪਕ ਨੂੰ ਦੱਸੋ ਤੇ ਸਫਾਈ ਲਈ ਹਦਾਇਤਾਂ ਦਾ ਪਾਲਣ ਕਰੋ।
5. ਜੇਕਰ ਅੱਗ ਲੱਗ ਜਾਂਦੀ ਹੈ ਤਾਂ ਤੁਰੰਤ ਸਟਾਫ ਮੈਂਬਰ ਨੂੰ ਦੱਸੋ। ਜੇ ਤੁਹਾਨੂੰ ਅੱਗ ਪੈ ਜਾਵੇ, ਤਾਂ ਰੁਕ ਜਾਉ-ਡਿਗ ਪਉ ਤੇ ਮਲ਼ੇਟਣਾ ਸ਼ੁਰੂ ਕਰੋ।

## ਜਦੋਂ ਪ੍ਰਯੋਗਸ਼ਾਲਾ ਦਾ ਕੰਮ ਮੁੱਕ ਜਾਵੇ

1. ਸਾਰਾ ਸ਼ੀਸ਼ੇ ਦਾ ਸਮਾਨ ਤੇ ਹੋਰ ਸਮੱਗਰੀ ਸਾਫ ਕਰੋ ਤੇ ਹਰ ਇਕ ਵਸਤ ਨੂੰ ਹਦਾਇਤਾਂ ਮੁਤਾਬਕ ਸਾਂਭੋ।
2. ਪ੍ਰਯੋਗਸ਼ਾਲਾ ਦੇ ਸਾਰੇ ਬੈਂਚਾਂ ਨੂੰ ਸਾਫ ਕਰੋ।
3. ਕੇਵਲ ਆਪਣੇ ਅਧਿਆਪਕ ਦੀਆਂ ਹਦਾਇਤਾਂ ਅਨੁਸਾਰ ਹੀ ਰਸਾਇਣਾਂ ਅਤੇ ਸਮੱਗਰੀ ਨੂੰ ਲੇਖੇ ਲਾਉ। ਸਿੰਕ ਸਾਫ ਹੋਣੇ ਚਾਹੀਦੇ ਹਨ ਤੇ ਇਨ੍ਹਾਂ 'ਚ ਕੋਈ ਵੀ ਠੋਸ ਪਦਾਰਥ ਨਹੀਂ ਹੋਣਾ ਚਾਹੀਦਾ।
4. ਗੋਗਲਜ਼ ਨੂੰ ਸਾਫ਼ ਰੱਖੋ ਅਤੇ ਨਿਯੁਕਤ ਕੀਤੀ ਥਾਂ 'ਤੇ ਰੱਖੋ।
5. ਆਪਣੇ ਹੱਥਾਂ ਨੂੰ ਸਾਬਣ ਤੇ ਪਾਣੀ ਨਾਲ ਸਾਫ ਕਰੋ।

*** ਜੇ ਤੁਹਾਨੂੰ ਕਿਸੇ ਨੁਕਤੇ ਬਾਰੇ ਸ਼ੱਕ ਹੈ ਤਾਂ ਆਪਣੇ ਅਧਿਆਪਕ ਨੂੰ ਪੁਛੋ!!***

## ਵਿਦਿਆਰਥੀਆਂ ਵਲੋਂ ਸੁਰੱਖਿਅਤਾ ਘੋਸ਼ਣਾ

1. ਮੈਂ ਪ੍ਰਯੋਗਸ਼ਾਲਾ ਦੇ ਨਿਯਮ ਪੜ੍ਹ ਲਏ ਹਨ।
2. ਮੈਂ ਆਪਣੇ ਅਤੇ ਆਪਣੇ ਸਾਥੀਆਂ ਦੀ ਸੁਰੱਖਿਅਤਾ ਲਈ ਸੁਰੱਖਿਅਤ ਨਿਯਮ ਸਵੀਕਾਰ ਕਰਨ ਲਈ ਸਹਿਮਤ ਹਾਂ।
3. ਮੈਂ ਇਹ ਵੀ ਜਾਣ ਲਿਆ ਹੈ ਕਿ ਜੇ ਮੈਂ ਪ੍ਰਯੋਗਸ਼ਾਲਾ ਦੀ ਸੁਰੱਖਿਅਤਾ ਦੇ ਨਿਯਮਾਂ ਦੀ ਪਾਲਣਾ ਨਹੀਂ ਕਰਦਾ ਤਾਂ ਇਸਦਾ ਸਿੱਟਾ ਇਹ ਹੋਵੇਗਾ ਕਿ ਮੈਂ ਪ੍ਰਯੋਗਸ਼ਾਲਾ ਦੇ ਸਾਰੇ ਅਧਿਕਾਰ ਖੋ ਬੈਠਾਂਗਾ।

ਵਿਦਿਆਰਥੀ ਦੇ ਦਸਤਖ਼ਤ________________________ਤਾਰੀਖ________________

ਪਿਆਰੇ ਮਾਪੇ ਜਾਂ ਗਾਰਡੀਅਨ

ਉੱਪਰ ਲਿਖੇ ਨਿਯਮ ਹਾਲਟਨ ਡਿਸਟ੍ਰਿਕਟ ਸਕੂਲ ਬੋਰਡ ਦੀ ਪਾਲਿਸੀ ਬਾਰੇ ਹਨ ਜਿਹੜੇ ਤੁਹਾਡੇ ਪੁੱਤਰ ਜਾਂ ਧੀ ਨੂੰ ਪ੍ਰਯੋਗਸ਼ਾਲਾ ਨੂੰ ਸੁਰੱਖਿਅਤ ਅਤੇ ਮਨੋਰੰਜਕ ਤਰੀਕੇ ਨਾਲ ਵਰਤਣ ਦੇ ਯੋਗ ਬਣਾਉਂਦੇ ਹਨ। ਕਿਰਪਾ ਕਰਕੇ ਇਹਨਾਂ ਨਿਯਮਾਂ ਨੂੰ ਆਪਣੇ ਧੀ ਪੁੱਤਰ ਨਾਲ ਸਾਂਝੇ ਕਰੋ। ਇਨ੍ਹਾਂ ਨਿਯਮਾਂ ਨੂੰ ਪਾਲਣ ਨਾ ਕਰਨ ਦੀ ਹਾਲਤ 'ਚ, ਜਿਸ 'ਚ ਇਹ ਗੱਲ ਵੀ ਸ਼ਾਮਲ ਹੈ ਕਿ ਜੇ ਪੋਸ਼ਾਕ ਅਢੁੱਕਵੀਂ ਹੋਵੇਗੀ, ਤਾਂ ਵੀ ਸਟੂਡੈਂਟ ਪ੍ਰਯੋਗਸ਼ਾਲਾ ਦੀਆਂ ਗਤੀਵਿਧੀਆਂ ਤੋਂ ਵਾਂਝਾ ਰਹਿ ਜਾਵੇਗਾ। ਪ੍ਰਯੋਗਸ਼ਾਲਾ ਦੇ ਇਹ ਨਿਯਮ...................... ਇੱਥੇ ਵੇਖੇ ਜਾ ਸਕਦੇ ਹਨ।

ਮਾਤਾ ਪਿਤਾ ਦੇ ਦਸਤਖ਼ਤ________________________ਤਾਰੀਖ________________